ੴ ਸਤਿਗੁਰ ਪ੍ਰਸਾਦਿ ॥

# ਸੁਲਤਾਨਪੁਰ ਲੋਧੀ

**ਪਿਛੋਕੜ**:– ਸੁਲਤਾਨਪੁਰ ਲੋਧੀ ਹਜ਼ਾਰਾਂ ਸਾਲ ਪੁਰਾਣੇ ਸ਼ਹਿਰਾਂ ਵਿਚੋਂ ਹੈ। ਪਹਿਲੀ ਸਦੀ ਤੋਂ ਛੇਵੀਂ ਸਦੀ ਈਸਵੀ ਤੱਕ, ਇਹ ਸ਼ਹਿਰ ਬੁੱਧ ਧਰਮ ਦਾ ਕੇਂਦਰ ਹੋਣ ਕਰਕੇ, **'ਸਰਵਮਾਨਪੁਰ'** ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਅਠਵੀਂ ਸਦੀ ਵਿੱਚ ਇਸ ਸ਼ਹਿਰ ਨੂੰ ਹਿੰਦੂ ਧਰਮ ਤੇ ਬੁਧ ਧਰਮ ਦੇ ਮਹਾਂ ਨਗਰ ਵਜ਼ੋਂ ਜਾਣਿਆ ਜਾਣ ਲੱਗਾ। ਹਿੰਦੂ ਸ਼ਹਿਰ ਹੋਣ ਕਰਕੇ ਮਹਿਮੂਦ ਗਜ਼ਨਵੀ ਨੇ ਹਮਲਾ ਕਰਕੇ ਇਸ ਨੂੰ ਪੂਰੀ ਤਰਾਂ ਸਾੜ ਕੇ ਸੁਆਹ ਕਰ ਦਿੱਤਾ। ਪਿਛੋਂ ਪੰਜਾਬ ਦੇ ਹਾਕਮ ਵਲੀ ਮੁਹੰਮਦ ਖਾਨ ਦੇ ਪੁਤਰ ਸੁਲਤਾਨ ਖਾਨ ਨੇ ਇਸ ਨੂੰ ਸੁਲਤਾਨਪੁਰ ਲੋਧੀ ਦਾ ਨਾਮ ਦੇ ਕੇ ਦੁਬਾਰਾ ਵਸਾਇਆ।

ਇਹ ਸ਼ਹਿਰ ਉੱਤਰੀ ਭਾਰਤ ਦੇ ਵੱਡੇ ਵਪਾਰਕ ਸ਼ਹਿਰਾਂ ਵਿੱਚ ਜਾਣਿਆ ਜਾਣ ਲੱਗਾ। 14 ਕਿਲੋਮੀਟਰ ਦੇ ਘੇਰੇ ਵਿੱਚ ਫੈਲੇ ਹੋਏ ਇਸ ਸ਼ਹਿਰ ਵਿੱਚ 32 ਬਾਜ਼ਾਰ ਅਤੇ 5600 ਦੁਕਾਨਾਂ ਹੁੰਦੀਆਂ ਸਨ।

ਸੁਲਤਾਨਪੁਰ ਵਿੱਚ ਇਸਲਾਮਿਕ ਉੱਚ ਵਿਦਿਅਕ ਅਦਾਰੇ ਹੋਣ ਕਾਰਨ ਔਰੰਗਜ਼ੇਬ ਅਤੇ ਦਾਰਾ ਸ਼ਿਕੋਹ ਨੇ ਇਥੋਂ ਹੀ ਸਫੈਦ ਮਸਜਿਦ ਵਿੱਚ ਆਪਣੀ ਇਸਾਲਾਮਿਕ ਉਚੇਰੀ ਵਿਦਿਆ ਪ੍ਰਾਪਤ ਕੀਤੀ।

ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਵੀ ਜਲੰਧਰ ਦੁਆਬ ਦੇ ਪ੍ਰਮੁੱਖ ਸ਼ਹਿਰਾਂ ਵਿਚੋਂ ਇਕ ਸੀ।

ਨਵਾਬ ਅਦੀਨਾ ਬੇਗ ਇਥੇ ਹੀ ਵਧਿਆ ਫੁਲਿਆ।

ਅਠਾਰਵੀਂ ਸਦੀ ਵਿੱਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਜਦੋਂ ਰਿਆਸਤ ਕਪੂਰਥਲਾ ਦੀ ਨੀਂਵ ਰਖੀ ਅਤੇ ਇਸ ਸ਼ਹਿਰ ਨੂੰ ਆਪਣੀ ਰਾਜਧਾਨੀ ਬਣਾਇਆ।

ਸ੍ਰੀ ਨਨਕਾਣਾ ਸਾਹਿਬ ਤੋਂ ਪਿਛੋਂ ਇਹੀ ਇਕ ਮਹੱਤਵਪੂਰਨ ਸ਼ਹਿਰ ਹੈ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਰ ਜੁਆਨੀ ਵੇਲੇ 7 ਸਾਲ ਤੋਂ ਵੱਧ ਦਾ ਸਮਾਂ ਬਿਤਾਇਆ ਅਤੇ ਲੁਕਾਈ ਨੂੰ ਸੋਧਨ ਹਿੱਤ ਪਹਿਲੀ ਪ੍ਰਚਾਰ ਯਾਤਰਾ ਇਸ ਸ਼ਹਿਰ ਤੋਂ ਆਰੰਭ ਕੀਤੀ।



## ਗੁਰੂ ਜੀ ਸੁਲਤਾਨਪੁਰ ਲੋਧੀ ਵਿੱਚ

ਨਾਨਕ ਦੇਵ ਜੀ ਤਲਵੰਡੀ ਤੋਂ ਆਪਣੇ ਜੀਜਾ ਜੀ (ਭਾਈਆ) ਜੈਰਾਮ ਜੀ ਦੇ ਨਾਲ 1490-91 ਵਿੱਚ ਸੁਲਤਾਨਪੁਰ ਲੋਧੀ ਆ ਗਏ। ਨਾਨਕ ਜੀ ਵੇਈਂ ਨਦੀ ਤੇ ਜੋ ਕਿ ਕੋਲੋਂ ਹੀ ਵਹਿੰਦੀ ਹੈ, ਪਹਿਰ ਰਾਤ ਰਹਿੰਦਿਆਂ ਚਲੇ ਜਾਂਦੇ, ਇਸ਼ਨਾਨ ਕਰਕੇ, ਇਕ ਬੇਰੀ ਦੇ ਰੁੱਖ ਹੇਠਾਂ ਪ੍ਰਭੂ ਚਰਨਾਂ ਦਾ ਧਿਆਨ ਧਰ ਕੇ ਸਮਾਧੀ ਲੀਨ ਹੋ ਜਾਂਦੇ ਸਨ।

(ਜਿਥੇ ਹੁਣ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਸ਼ੋਬਤ ਹੈ)

## ਮੋਦੀਖਾਨਾ ਸੰਭਾਲਨਾ

ਇਕ ਦਿਨ ਜੈ ਰਾਮ ਜੀ ਨੂੰ ਪਤਾ ਲੱਗਾ ਕਿ ਨਵਾਬ ਦੌਲਤ ਖਾਨ ਨੂੰ ਇਕ ਮੋਦੀ (ਭੰਡਾਰ ਅਧਿਕਾਰੀ) ਦੀ ਜਰੂਰਤ ਹੈ। ਭਾਈ ਸਾਹਿਬ ਨੇ ਨਵਾਬ ਨੂੰ ਦਸਿਆ ਕਿ ਇਕ ਉੱਚ ਕੋਟੀ ਦੇ ਆਚਰਣ ਵਾਲਾ ਮਨੁੱਖ ਮੇਰੀ ਨਜ਼ਰ ਵਿੱਚ ਹੈ। ਜੈਰਾਮ ਜੀ ਨੇ ਨਾਨਕ ਦੇਵ ਜੀ ਦਾ ਮੇਲ ਨਵਾਬ ਨਾਲ ਕਰਾਇਆ। ਨਵਾਬ ਨੇ ਨੌਕਰੀ ਲਈ ਹਾਂ ਕਰ ਦਿੱਤੀ।


ਅਗਲੇ ਦਿਨ ਤੋਂ ਹੀ ਨਾਨਕ ਦੇਵ ਜੀ ਨੇ ਮੋਦੀਖਾਨੇ ਦਾ ਕਾਰਜ ਸੰਭਾਲ ਲਿਆ। ਉਸ ਸਮੇਂ ਕਿਸਾਨ ਆਪਣੀ ਉਪਜ ਦਾ ਮਾਮਲਾ (ਲਗਾਨ) ਅਨਾਜ ਦੇ ਰੂਪ ਹੀ ਸਰਕਾਰੀ ਭੰਡਾਰਾਂ ਵਿੱਚ ਜਮਾਂ ਕਰਵਾਉਂਦੇ ਸਨ। ਇਕਤਰ ਹੋਇਆ ਅਨਾਜ ਫੌਜ ਅਤੇ ਸਰਕਾਰੀ ਮੁਲਾਜ਼ਮਾਂ ਵਿੱਚ ਤਨਖਾਹ ਦੇ ਰੂਪ ਵਿੱਚ ਵੰਡ ਦਿੱਤਾ ਜਾਂਦਾ ਸੀ ਅਤੇ ਬਚਿਆ ਅਨਾਜ ਜਨ ਸਾਧਾਰਣ ਵਿੱਚ ਠੀਕ ਮੁੱਲ ਤੇ ਵੇਚ ਦਿੱਤਾ ਜਾਂਦਾ ਸੀ। ਜਿਸ ਦੀ ਰਕਮ ਖਜਾਨੇ ਵਿੱਚ ਜਮਾਂ ਕਰਵਾਈ ਜਾਂਦੀ ਸੀ। ਉਨੀਂ ਦਿਨੀਂ ਭੰਡਾਰੀ (ਮੋਦੀ) ਨੂੰ ਇਕ ਖਾਸ ਹੱਕ ਮਿਲਿਆ ਹੁੰਦਾ ਸੀ ਕਿ ਉਹ ਕਿਸਾਨਾਂ ਅਤੇ ਕਰਮਚਾਰੀਆਂ ਤੋਂ ਅਨਾਜ ਦੀ ਇਕ ਪ੍ਰਤੀਸ਼ਤ ਕਟੋਤੀ ਕਰਦੇ ਸਨ ਤਾਂ ਕਿ ਭੰਡਾਰ ਵਿੱਚ ਕਿਸੇ ਪ੍ਰਕਾਰ ਦੀ ਕਮੀ ਨ ਹੋਵੇ ਕਿਉਂਕਿ ਲੈਣ-ਦੇਣ ਵਿੱਚ ਕੁਝ ਅਨਾਜ ਖਿੱਲਰ-ਪੁੱਲਰ ਜਾਂਦਾ ਸੀ। ਇਸ ਕਟੋਤੀ ਨੂੰ **'ਅਲੂਫਾ'** ਯਾ ਬਾਂਟੀ ਆਖਿਆ ਜਾਂਦਾ ਸੀ। ਇਹ ਅਲੂਫਾ ਮੋਦੀ ਆਪਣੀ ਮਰਜ਼ੀ ਨਾਲ ਵਰਤ ਸਕਦਾ ਸੀ। ਅਰਥਾਤ ਮੋਦੀ ਹੀ ਇਸ ਅਨਾਜ ਦਾ ਹੱਕਦਾਰ ਹੁੰਦਾ ਸੀ।

ਜਦੋਂ ਨਾਨਕ ਜੀ ਮੋਦੀ ਨਿਯੁਕਤ ਹੋਏ ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਕਰਮਚਾਰੀਆਂ ਨੂੰ ਇਹ ਹੁਕਮ ਦਿੱਤਾ ਕਿ ਪਹਿਲੇ ਮੋਦੀਆਂ ਵਾਂਗ ਤੋਲਣ ਵਾਲੇ ਵੱਟੇ ਦੋ ਪ੍ਰਕਾਰ ਦੇ ਨਾ ਰੱਖੇ ਜਾਣ। ਕਿਉਂਕਿ ਪਹਿਲੇ ਮੋਦੀ, ਕਿਸਾਨਾਂ ਤੋਂ ਅਨਾਜ ਲੈਣ ਸਮੇਂ ਬਾਂਟਾਂ **(ਵੱਟਿਆਂ)** ਨੂੰ ਅਸਲ ਭਾਰ ਤੋਂ ਕੁਝ ਜਿਆਦਾ ਰੱਖਦੇ ਸਨ ਪਰ ਅਨਾਜ ਨੂੰ ਵੰਡਣ ਵੇਲੇ ਅਸਲ ਭਾਰ ਤੋਂ ਕੁਝ ਘੱਟ ਦੇ ਵੱਟੇ ਵਰਤੋਂ ਵਿੱਚ ਲਿਆਉਂਦੇ ਸਨ। ਨਾਨਕ ਜੀ ਨੇ ਮੁਢਲਾ ਘੁਟਾਲਾ ਖਤਮ ਕਰਕੇ ਕੰਮ ਸ਼ੁਰੂ ਕਰ ਦਿੱਤਾ। ਅਨਾਜ ਲੈਣ ਅਤੇ ਦੇਣ ਵਾਲੇ ਵੱਟੇ ਇਕੋ ਤੋਲ ਦੇ ਹੀ ਰੱਖੇ।

ਸਵੇਰੇ ਦੇ ਵਕਤ ਕਿਸਾਨਾਂ ਪਾਸੋਂ ਅਨਾਜ ਦੀ ਪ੍ਰਾਪਤੀ ਅਤੇ ਦੁਪਹਿਰੋਂ ਬਾਅਦ ਖਪਤਕਾਰਾਂ ਨੂੰ ਅਨਾਜ ਵੰਡਣ ਦਾ ਕੰਮ ਰੱਖਿਆ। ਹਰ ਰੋਜ ਕਿਸਾਨ ਆਪਣੀ ਬੈਲਗੱਡੀਆਂ ਵਿੱਚ ਅਨਾਜ ਜਮਾਂ ਕਰਵਾਉਣ ਦੇ ਲਈ ਸਵੇਰੇ ਹੀ ਪਹੁੰਚ ਜਾਂਦੇ ਤਾਂ ਨਾਨਕ ਜੀ ਵੱਡੇ ਕੰਡੇ ਦੇ ਸਾਹਮਣੇ ਖਲੋ ਕੇ ਸਾਰਾ ਅਨਾਜ ਤੁਲਵਾਉਂਦੇ ਅਤੇ ਸਾਰੇ ਕਿਸਾਨਾਂ ਦਾ ਮਾਲੀਆ ਵਹੀ ਖਾਤਿਆਂ ਵਿੱਚ ਦਰਜ ਕਰਦੇ ਅਤੇ ਲਗਾਨ ਵਸੂਲੀ ਦਾ ਰੁੱਕਾ (ਰਸੀਦ) ਵੀ ਦੇਂਦੇ।

ਇਸ ਤਰਾਂ ਮਾਲੀਆ ਦੇ ਰੂਪ ਵਿੱਚ ਪ੍ਰਾਪਤ ਅਨਾਜ ਵਿਚੋਂ ਸੌ ਬੋਰੀਆਂ ਅਨਾਜ ਪ੍ਰਤੀ ਇਕ ਬੋਰੀ ਅਲੂਫੇ ਵਜੋਂ ਪ੍ਰਾਪਤ ਹੁੰਦੀ ਸੀ। ਇਸ ਤੇ ਮੋਦੀ ਦਾ ਹੀ ਕਾਨੂੰਨੀ ਹੱਕ ਹੁੰਦਾ ਸੀ। ਮੋਦੀਖਾਨੇ ਦੇ ਬਾਹਰ ਭਿਖਾਰੀਆਂ ਦੀ ਭੀੜ ਇਕੱਠੀ ਹੋ ਜਾਂਦੀ। ਨਾਨਕ ਜੀ ਅਲੂਫੇ ਵਾਲਾ ਅਨਾਜ ਭਿਖਾਰੀਆਂ ਨੂੰ ਇਕ-ਇਕ ਕਟੋਰਾ ਦੇਈ ਜਾਂਦੇ।

ਨਾਨਕ ਜੀ ਦੀ ਨਿਯੁਕਤੀ ਨਾਲ ਸਾਰੇ ਵਰਗ ਹੌਲੀ-ਹੌਲੀ ਸੰਤੁਸ਼ਟ ਹੋ ਗਏ। ਨਾ ਕਿਸੇ ਨੂੰ ਘੱਟ ਨਾ ਕਿਸੇ ਨੂੰ ਵੱਧ ਅਨਾਜ ਮਿਲਦਾ। ਤੋਲ ਵਿੱਚ ਤਾਂ ਘੱਟ ਹੋਣ ਦਾ ਸੁਆਲ ਹੀ ਨਹੀਂ ਸੀ। ਕਿਉਂਕਿ ਲੈਣ ਅਤੇ ਦੇਣ ਵਾਲੇ ਸਾਰੇ ਵੱਟੇ ਇਕੋ ਤੋਲ ਦੇ ਹੋ ਗਏ ਸਨ। ਨਾਨਕ ਜੀ ਆਪ ਅਪਣੇ ਹੱਥੀਂ ਸਾਰੇ ਅਨਾਜ ਨੂੰ ਵੱਡੇ ਕੰਡੇ ਤੇ ਤੁਲਵਾ ਕੇ ਲੈਂਦੇ ਅਤੇ ਦੇਂਦੇ।



ਗੁਰੂ ਜੀ ਮੋਦੀਖਾਨੇ ਵਿੱਚ ਲੈਣ-ਦੇਣ ਕਰਦਿਆਂ


## 'ਤੇਰਾਂ (13) ਨਹੀਂ, ਤੇਰਾ ਹੀ ਤੇਰਾ'

ਇਸ ਤਰਾਂ ਨਾਨਕ ਜੀ ਦੀ ਦਰਿਆ ਦਿਲੀ ਅਤੇ ਨੇਕ ਨੀਅਤ ਦੀ ਚਰਚਾ ਦੂਰ-ਦੂਰ ਤੱਕ ਹੋ ਗਈ।

ਇਕ ਦਿਨ ਮੋਦੀ ਖਾਨੇ ਦੇ ਇਕ ਸਹਾਇਕ ਕਰਮੀ ਨੇ ਭਿਖਾਰੀਆਂ ਨੂੰ ਅਨਾਜ ਵੰਡਦੇ ਵਕਤ ਅਨਾਜ ਦੇ ਕਟੋਰੇ ਗਿਣਨੇ ਸ਼ੁਰੂ ਕਰ ਦਿਤੇ। ਜਦੋਂ ਉਹ ਤੇਰਾਂ ਦੀ ਗਿਣਤੀ ਤੇ ਪਹੁੰਚਿਆ ਤਾਂ ਨਾਨਕ ਜੀ ਨੇ ਉਸ ਦੇ ਹੱਥੋਂ ਕਟੋਰਾ ਆਪ ਫੜ ਲਿਆ ਅਤੇ ਅਗੇ ਦੀ ਗਿਣਤੀ ਤੇਰਾਂ ਦੀ ਥਾਂ ਸਿਰਫ ਤੇਰਾ ਹੀ ਤੇਰਾ ਕਹਿ ਕੇ ਵੰਡਣਾ ਸ਼ੁਰੂ ਕਰ ਦਿੱਤਾ। ਜਿਸ ਦਾ ਅਰਥ ਹੈ; ਹੇ-ਪ੍ਰਭੂ ! ਸਭ ਕੁਝ ਤੇਰਾ ਹੀ ਹੈ ਅਤੇ ਲੈਣ ਵਾਲਾ ਵੀ ਤੂੰ ਆਪ ਹੀ ਹੈਂ। ਉਸ ਵਕਤ ਨਾਨਕ ਜੀ ਨੇ ਆਪਣੇ ਸਹਾਇਕ ਨੂੰ ਹੁਕਮ ਕੀਤਾ ਕਿ ਅੱਗੇ ਤੋਂ ਅਨਾਜ ਵੰਡਦੇ ਵਕਤ ਸਿਰਫ ਤੇਰਾ ਹੀ ਤੇਰਾ ਬੋਲਿਆ ਕਰੋ।

ਭਾਵੇਂ ਇਕ ਕਟੋਰਾ ਹੀ ਇਕ ਭਿਖਾਰੀ ਨੂੰ ਦਿੱਤਾ ਜਾਂਦਾ ਸੀ, ਪ੍ਰੰਤੂ ਉਹ ਤੇਰਾ ਕਹਿ ਕੇ ਦਿੱਤਾ ਜਾਣ ਲੱਗਾ।

ਨਾਨਕ ਦੇਵ ਜੀ ਦੇ ਮੋਦੀ ਬਣ ਜਾਣ ਨਾਲ ਨਵਾਬ ਦੌਲਤ ਖਾਂ ਮੋਦੀਖਾਨੇ ਵਲੋਂ ਸੰਤੁਸ਼ਟ ਹੋ ਗਿਆ। ਸਾਰੇ ਕਰਮਚਾਰੀ ਵੀ ਸੰਤੁਸ਼ਟ ਹੋ ਗਏ। ਕਿਸਾਨਾਂ ਵੱਲੋਂ ਵੀ ਨਵੇਂ ਮੋਦੀ ਦੇ ਪੱਖ ਵਿੱਚ ਸੰਤੁਸ਼ਟੀ ਭਰੇ ਸ਼ਬਦ ਸੁਣਨ ਨੂੰ ਮਿਲਦੇ। ਖਾਜ਼ਾਨੇ ਵਿੱਚ ਲਗਾਤਾਰ ਰੁਪੈ ਹਿਸਾਬ ਦੇ ਅਨੁਸਾਰ ਪਹੁੰਚ ਰਹੇ ਸਨ। ਖਪਤਕਾਰ ਨਾਨਕ ਦੇਵ ਜੀ ਦੀ ਸਿਫਾਰਿਸ਼ ਵੀ ਕਰਣ ਲੱਗ ਪਏ ਕਿ ਇਹ ਮੋਦੀ ਬਹੁਤ ਚੰਗਾ ਹੈ। ਇਸ ਦਾ ਤੋਲ ਬਿਲਕੁਲ ਪੂਰਾ ਹੁੰਦਾ ਹੈ।



ਗੁਰੁਦੇਵ ਜੀ ਮੋਦੀਖਾਨੇ ਵਿੱਚ, ਸੁਲਤਾਨਪੁਰ ਲੋਧੀ (ਪੰਜਾਬ)



ਮੋਦੀਖਾਨੇ ਵਾਲੇ ਅਸਥਾਨ ਤੇ ਗੁਰਦੁਆਰਾ 'ਹਟ ਸਾਹਿਬ, ਸੁਸ਼ੋਭਤ ਹੈ (ਸੁਲਤਾਨਪੁਰ ਲੋਧੀ)




ਗੁਰਦਵਾਰਾ 'ਹੱਟ ਸਾਹਿਬ, ਦੇ ਅੰਦਰ ਉਹ ਵੱਟੇ, ਜਿਨਾਂ ਨਾਲ ਗੁਰੂ ਜੀ
ਤੋਲਿਆ ਕਰਦੇ ਸਨ। ਅੱਜ ਵੀ ਉਸੇ ਰੂਪ ਵਿੱਚ ਸੰਭਾਲੇ ਹੋਏ ਹਨ।

## ਮੋਦੀਖਾਨੇ ਦੀ ਪਹਿਲੀ ਪੜਤਾਲ

ਭਾਵੇਂ ਮੋਦੀਖਾਨੇ ਦਾ ਕੰਮ ਸ਼ਲਾਘਾ ਯੋਗ ਢੰਗ ਨਾਲ ਚੱਲ ਰਿਹਾ ਸੀ ਪ੍ਰੰਤੂ ਕੁਝ ਈਰਖਾਲੂ ਲੋਕ ਨਾਨਕ ਦੇਵ ਜੀ ਦੇ ਵਿਰੁੱਧ ਨਵਾਬ ਦੇ ਕੰਨ ਭਰਣ ਲੱਗੇ ਕਿ ਇਹ ਮੋਦੀ ਭਿਖਾਰੀਆਂ ਨੂੰ ਅਨਾਜ ਲੁਟਾ ਰਿਹਾ ਹੈ। ਹੋ ਸਕਦਾ ਹੈ ਕਿ ਹਿਸਾਬ ਵਿੱਚ ਗੜਬੜੀ ਕਰ ਰਿਹਾ ਹੋਵੇ। ਜਿਸ ਨਾਲ ਆਖਿਰ ਵਿੱਚ ਮੋਦੀ ਖਾਨੇ ਵਿੱਚ ਬਹੁਤ ਵੱਡਾ ਘਾਟਾ ਪੈ ਜਾਏ।

ਪਰ ਨਵਾਬ ਸੋਚਦਾ ਜਦੋਂ ਹਰ ਕੋਈ ਸੰਤੁਸ਼ਟ ਹੈ ਤਾਂ ਮੈਂ ਹੀ ਕਿਉਂ ਬਿਨਾ ਕਿਸੇ ਕਾਰਣ ਸ਼ੱਕ ਕਰਾਂ।

ਫਿਰ ਵੀ ਕੁਝ ਲੋਕ ਬਾਰ-ਬਾਰ ਨਵਾਬ ਦੇ ਕੋਲ ਜਾ ਕੇ ਘਾਟਾ ਪੈਣ ਦੀ ਸੰਭਾਵਨਾ ਜਤਾਉਣ ਲੱਗੇ।

ਆਖ਼ਰ ਇਕ ਦਿਨ ਨਵਾਬ ਨੇ ਮੋਦੀਖਾਨੇ ਦੀ ਪੜਤਾਲ ਕਰਨ ਲਈ **'ਮੁਨਸ਼ੀ ਯਾਦੋ ਰਾਏ'** ਨੂੰ ਵਿਸ਼ੇਸ਼ ਰੂਪ ਵਿੱਚ ਭੇਜਿਆ। ਜਦੋਂ ਸਾਰੇ ਵਹੀ-ਖਾਤੇ ਵੇਖ ਕੇ ਆਮਦਨੀ ਅਤੇ ਖਰਚ ਦਾ ਚਿੱਠਾ ਤਿਆਰ ਹੋਇਆ ਤਾਂ ਨਾਨਕ ਦੇਵ ਜੀ ਦੇ ਇਕ ਸੌ ਸੈਂਤੀ ਰੁਪੈ ਲਾਭ ਵਿੱਚ ਨਿਕਲੇ ਜੋ ਕਿ ਨਾਨਕ ਦੇਵ ਜੀ ਨੂੰ ਖਜ਼ਾਨੇ ਤੋਂ ਮਿਲਣੇ ਸਨ। ਇਸ ਤਰਾਂ ਨਾਨਕ ਜੀ ਦਾ ਪੱਖ ਭਾਰੀ ਰਿਹਾ। ਨਵਾਬ ਬਹੁਤ ਖੁਸ਼ ਹੋਇਆ।

ਇਸ ਥੋੜੇ ਜਹੇ ਸਮੇਂ ਵਿੱਚ ਇਤਨੀ ਵੱਡੀ ਪ੍ਰਾਪਤੀ ਦੀ ਗੱਲ ਜਾਣ ਕੇ ਭੈਣ ਨਾਨਕੀ ਅਤੇ ਭਾਈਆ ਜੈਰਾਮ ਜੀ ਦੀ ਖੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ।



**ਹਿਸਾਬ ਵਿੱਚ ਵਾਧਾ ਨਿਕਲਣ ਉਪ੍ਰੰਤ, ਨਵਾਬ ਨਾਨਕ ਜੀ ਨੂੰ ਦੁਬਾਰਾ ਕੰਮ ਸਭਾਲਣ ਲਈ ਆਖਦੇ ਹਨ।**

ਉਸ ਦਿਨ ਜਦੋਂ ਮੋਦੀਖਾਨੇ ਤੋਂ ਨਾਨਕ ਜੀ ਘਰ ਆਏ ਤਾਂ ਭੈਣ ਨਾਨਕੀ ਜੀ ਨੇ ਵੀਰ ਨਾਨਕ ਦੇਵ ਜੀ ਦੇ ਚਰਣ ਸਪਰਸ਼ ਕੀਤੇ। ਨਾਨਕ ਜੀ ਬੋਲੇ, ਭੈਣ ਜੀ ! ਤੁਸੀਂ ਮੈਥੋਂ ਵਡੇ ਹੋ, ਚਰਣ ਤਾਂ ਮੈਨੂੰ ਤੁਹਾਡੇ ਛੂਹਣੇ ਚਾਹਿਦੇ ਹਨ। ਤਾਂ ਨਾਨਕੀ ਜੀ ਨੇ ਉੱਤਰ ਦਿੱਤਾ ਮੇਰੇ ਪਿਆਰੇ ਵੀਰ ਅਸਲ ਵਿੱਚ ਗੱਲ ਇਹ ਹੈ ਕਿ ਮੈਂ ਤਾਂ ਸਿਰਫ ਉੱਮਰ ਕਰਕੇ ਵੱਡੀ ਹਾਂ ਪਰ ਆਪ ਜੀ ਮੇਰੇ ਤੋਂ ਅਧਿਆਤਮਿਕ ਦੁਨੀਆਂ ਵਿੱਚ ਬਹੁਤ ਅੱਗੇ ਹੋ।

**ਨਾਨਕ ਜੀ –** ਬੇਬੇ ਜੀ ਇਹ ਸਭ ਉਸ ਪ੍ਰਭੂ ਦੀ ਲੀਲਾ ਹੈ। ਮੈਂ ਤਾਂ ਸਿਰਫ ਉਸਦੇ ਦ੍ਰਸਾਏ ਸਤਿ ਦੇ ਰਾਹ ਤੇ ਚੱਲ ਕੇ ਫਰਜ਼ ਨਿਭਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਇਹ ਗਲਬਾਤ ਹਾਲਾਂ ਹੋ ਹੀ ਰਹੀ ਸੀ ਕਿ ਭਾਈਆ ਜੈ ਰਾਮ ਜੀ ਵੀ ਘਰ ਆ ਗਏ। ਉਨ੍ਹਾਂ ਨੇ ਵੀ ਨਾਨਕ ਜੀ ਨੂੰ ਨੇਕ ਨੀਯਤ ਨਾਲ ਸਰਕਾਰੀ ਕੰਮ ਕਰਨ ਦੀ ਵਧਾਈ ਦਿੱਤੀ।

ਜੈਰਾਮ ਜੀ ਨੇ ਕਿਹਾ, ਨਾਨਕੀ, ਪਿਤਾ ਜੀ ਦੀ ਚਿੱਠੀ ਮਿਲੀ ਹੈ। ਉਸ ਵਿੱਚ ਲਿਖਿਆ ਹੈ ਕਿ ਨਾਨਕ ਦੇ ਸਹੁਰੇ, ਮੁਕਲਾਵੇ ਲਈ ਬਹੁਤ ਦਬਾਅ ਪਾ ਰਹੇ ਹਨ। ਉਨ੍ਹਾਂ ਲਿਖਿਆ ਹੈ ਕਿ ਉਹ ਕੁਝ ਦਿਨਾਂ ਵਿੱਚ ਸੁਲਤਾਨਪੁਰ ਆ ਰਹੇ ਹਨ। ਇਹ ਸੁਣ ਕੇ ਸਾਰੇ ਖੁਸ਼ ਹੋ ਗਏ ਅਤੇ ਸਕੇ-ਸਬੰਧਿਆਂ ਦੇ ਆਉਣ ਦੀ ਉਡੀਕ ਕਰਣ ਲੱਗੇ।

ਜੈਰਾਮ ਜੀ ਨੇ ਨਵਾਬ ਦੌਲਤ ਖਾਨ ਨੂੰ ਦੱਸ ਦਿੱਤਾ ਕਿ ਨਾਨਕ ਜੀ ਦੇ ਮੁਕਲਾਵੇ ਲਈ ਸਾਰੇ ਰਿਸ਼ਤੇਦਾਰ ਇਥੇ ਆ ਰਹੇ ਹਨ। ਇਸ ਲਈ ਨਾਨਕ ਦੇਵ ਜੀ ਨੂੰ ਕੁਝ ਦਿਨਾਂ ਦੀ ਛੁੱਟੀ ਚਾਹਿਦੀ ਹੈ। ਉਨ੍ਹਾਂ ਆਪਣਾ ਮੁਕਲਾਵਾ ਲੈਣ, ਬਟਾਲੇ ਨਗਰ ਵਿਖੇ ਜਾਣਾ ਹੈ।




ਸੁਲਤਾਨਪੁਰ ਲੋਧੀ (ਪੰਜਾਬ)

## ਨਾਨਕ ਜੀ ਦਾ ਮੁਕਲਾਵਾ

ਕੁਝ ਦਿਨਾਂ ਵਿੱਚ ਤਲਵੰਡੀ ਤੋਂ ਕਲਿਆਨ ਦਾਸ ਜੀ ਸਾਰੇ ਰਿਸ਼ਤੇਦਾਰਾਂ ਨੂੰ ਲੈ ਕੇ ਸੁਲਤਾਨਪੁਰ ਪਹੁੰਚ ਗਏ ਅਤੇ ਲੱਗੇ ਨਾਨਕ ਜੀ ਨੂੰ ਸਿੱਖਿਆ ਦੇਣ। ਤੂੰ ਪਹਿਲਾਂ ਦੀ ਤਰਾਂ ਭਿਖਾਰੀਆਂ ਨੂੰ ਅਨਾਜ ਤੇ ਧਨ ਲੁਟਾ ਰਿਹਾ ਹੈਂ। ਕੁਝ ਸੰਜੋ ਕੇ ਵੀ ਰੱਖ। ਜੋ ਔਖੇ ਵਕਤ ਕੰਮ ਆਵੇਗਾ।

**ਨਾਨਕ ਜੀ**; – ਪਿਤਾ ਜੀ, ਕੀ ਕਰਾਂ ਧਨ ਤਾਂ ਬਹੁਤ ਮਿਲਦਾ ਹੈ ਪਰ ਮੇਰੇ ਪਾਸ ਟਿਕਦਾ ਹੀ ਨਹੀਂ। ਤਦ ਬਾਬਾ ਕਾਲੂ ਜੀ ਨੇ ਪੁਤਰੀ ਨਾਨਕੀ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਪੁਤਰੀ, ਜੇਕਰ ਤੂੰ ਥੋੜਾ ਜਿਹਾ ਧਿਆਨ ਨਾਨਕ ਦੀ ਵੱਲ ਹੋਰ ਦੇਵੇਂ ਤਾਂ ਇਹ ਬਚਤ ਕਰ ਸਕਦਾ ਹੈ।"

ਸਾਰੇ ਰਿਸ਼ਤੇਦਾਰਾਂ ਦੇ ਆ ਜਾਣ ਤੇ ਨਾਨਕ ਜੀ ਦਾ ਮੁਕਲਾਵਾ ਲਿਆਉਣ ਵਾਸਤੇ ਸਭ ਜਣੇ ਪੂਰੀ ਤਿਆਰੀ ਨਾਲ ਬਟਾਲਾ ਨੂੰ ਤੁਰ ਪਏ। ਕੁਝ ਦਿਨਾਂ ਵਿੱਚ ਲਾੜੀ ਨੂੰ ਮੁਕਲਾਵੇ ਦੀ ਪਰੰਪਰਾ ਅਨੁਸਾਰ ਵਿਦਾ ਕਰਵਾ ਕੇ ਸਾਰੇ ਰਿਸਤੇਦਾਰਾਂ ਸਮੇਤ ਆਪਣੇ ਨਗਰ, ਤਲਵੰਡੀ ਵਾਪਸ ਆ ਗਏ। ਤਲਵੰਡੀ ਵਾਸੀਆਂ ਨੇ ਵਧਾਇਆਂ ਦਿਤੀਆਂ।

ਨਾਨਕ ਜੀ ਨੇ ਕੁਝ ਦਿਨ ਤਲਵੰਡੀ ਵਿੱਚ ਰਹਿ ਕੇ ਆਪਣੇ ਸਾਰੇ ਮਿਤਰਾਂ ਨਾਲ ਪੁਰਾਨੀਆਂ ਯਾਦਾਂ ਸਾਝਿਆਂ ਕੀਤੀਆਂ।

ਰਾਏ ਬੁਲਾਰ ਜੀ ਨੂੰ ਮਿਲਨ ਉਪ੍ਰੰਤ ਨਾਨਕ ਦੇਵ ਜੀ ਆਪਣੀ ਸੁਪਤਨੀ, ਸੁਲਖਣੀ ਜੀ ਅਤੇ ਸਾਥੀ ਮਰਦਾਨਾ, ਉਨ੍ਹਾਂ ਦੇ ਪਿਤਾ ਜੀ, ਭਾਈਆ ਜੈਰਾਮ ਜੀ ਤੇ ਬੇਬੇ ਨਾਨਕੀ ਜੀ, ਸਾਰਾ ਪ੍ਰਵਾਰ ਸੁਲਤਾਨਪੁਰ ਆ ਗਿਆ।

ਗੁਰੂਦੇਵ ਜੀ ਦੇ ਪਿਤਾ ਜੀ, ਕੁਝ ਦਿਨ ਸੁਲਤਾਨਪੁਰ ਲੋਧੀ ਰਹਿ ਕੇ ਨਾਨਕ ਦੇਵ ਜੀ ਦੀ ਘਰ ਗ੍ਰਿਸਤੀ ਵਸਾ ਕੇ ਤਲਵੰਡੀ ਵਾਪਸ ਮੁੜ ਗਏ।

ਗੁਰੂਦੇਵ ਜੀ ਨੇ ਅਪਣੇ ਪਰਿਵਾਰ ਦੇ ਰਹਿਣ ਲਈ ਇਕ ਵਖਰਾ ਘਰ ਬਣਵਾ ਲਿਆ, ਜਿਥੇ ਅਜਕਲ **ਗੁਰਦੁਆਰਾ ਗੁਰੂ ਕਾ ਬਾਗ'** ਸੁਸ਼ੋਬਤ ਹੈ।



ਗੁਰਦੁਆਰਾ ਗੁਰੂ ਕਾ ਬਾਗ, ਸੁਲਤਾਨਪੁਰ ਲੋਧੀ (ਗੁਰੂ ਜੀ ਦਾ ਨਿਵਾਸ ਅਸਥਾਨ।)



**ਗੁਰਦੁਆਰਾ ਗੁਰੂ ਕਾ ਬਾਗ ਹੇਠਾਂ ਭੋਰਾ ਸਾਹਿਬ,** ਸੁਲਤਾਨਪੁਰ ਲੋਧੀ (ਪੰਜਾਬ)
**ਜਿਥੇ ਗੁਰੂ ਜੀ ਨਿਤਾ ਪ੍ਰਤੀ ਆਸਣ ਲਗਾ ਕੇ ਪ੍ਰਭੂ ਨਾਲ ਇਕ ਮਿੱਕ ਹੁੰਦੇ ਸਨ।**
**(ਜਿਉਂ ਦਾ ਤਿਉਂ ਸੰਭਾਲਿਆ ਹੋਇਆ ਹੈ।)**

## ਧਰਮਸਾਲਾ ਦਾ ਨਿਰਮਾਣ

ਸੁਲਤਾਨਪੁਰ ਵਿਖੇ ਨਾਨਕ ਦੇਵ ਜੀ ਨੇ ਅੰਮ੍ਰਿਤ ਵੇਲੇ ਅਤੇ ਸੰਧਿਆ ਵੇਲੇ ਦੋਨੋਂ ਵਕਤ ਕੀਰਤਨ ਕਰਨ ਲਈ ਧਰਮਸਾਲਾ ਬਣਵਾ ਲਈ। ਨੇੜਲੇ ਪਿੰਡ ਮਲਸੀਹਾਂ ਦਾ ਲੰਬਰਦਾਰ, ਭਾਈ ਭਗੀਰਥ ਵੀ ਅਲਾਹੀ ਕੀਰਤਨ ਸਰਵਣ ਕਰਨ ਆਇਆ ਕਰਦਾ ਸੀ।

ਪਹਿਲਾਂ ਉਹ ਦੁਰਗਾ ਦੀਆਂ ਭੇਟਾਂ ਗਾਇਆ ਕਰਦਾ ਸੀ। ਪਰ ਉਸ ਨੂੰ ਅਪਣੀ ਇਨ੍ਹਾਂ ਭੇਟਾਂ ਵਿੱਚ ਆਤਮਿਕ ਆਨੰਦ ਨਹੀਂ ਮਿਲਦਾ ਸੀ। ਨਾਨਕ ਦੇਵ ਜੀ ਦੀ ਅਲਾਹੀ ਬਾਣੀ ਵਿੱਚੋਂ ਉਸ ਨੂੰ ਪ੍ਰਭੂ ਵਿੱਚ ਅਭੇਦਤਾ ਦਾ ਅਨੁਭਵ ਹੋਣ ਲੱਗਾ।

ਉਸ ਨੇ ਨਾਨਕ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਆਪ ਮੈਨੂੰ ਅਪਣਾ ਸਿੱਖ ਬਣਾ ਲਓ ਜੀ! ਅੱਜ ਤੱਕ ਮੈਂ ਭਟਕਦਾ ਹੀ ਰਿਹਾ ਹਾਂ, ਅਤੇ ਮੈਂਨੂੰ ਕਿਤੋਂ ਵੀ ਆਤਮਿਕ ਆਨੰਦ ਪ੍ਰਾਪਤ ਨਹੀਂ ਹੋਇਆ ਜੋ ਕਿ ਆਪ ਜੀ ਦੀ ਸ਼ਰਣ ਵਿੱਚ ਆਉਣ ਤੇ ਅਲਾਹੀ ਬਾਣੀ ਸੁਣਨ ਨਾਲ ਪ੍ਰਾਪਤ ਹੋਇਆ ਹੈ।

ਨਾਨਕ ਦੇਵ ਜੀ ਨੇ ਉਸ ਨੂੰ ਉਪਦੇਸ਼ ਦਿੱਤਾ, "ਸਦਾ ਨਿਰਾਕਾਰ ਜੋਤਿ ਦਾ ਹੀ ਧਿਆਨ ਕਰੋ, ਭਾਈ!

ਫਿਰ ਗੁਰੂ ਜੀ ਨੇ ਇਹ ਅਲਾਹੀ ਸ਼ਬਦ ਉਚਾਰਿਆ:–

" ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋ ਵਾ ॥
ਸਚੜਾ ਦੂਰਿ ਨਾ ਭਾਲੀਐ ਘਟਿ ਘਟਿ ਸਬਦੁ ਪਛਾਣੋ ਵਾ ॥
ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ ਜਿਨਿ ਏਹ ਰਚਨਾ ਰਾਚੀ॥
ਨਾਮੁ ਧਿਆਏ ਤਾ ਸੁਖੁ ਪਾਏ ਬਿਨੁ ਨਾਵੈ ਪਿੜ ਕਾਚੀ ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੫੮੧)

ਭਾਈ ਭਗੀਰਥ ਨੇ ਕਿਹਾ, "ਹੇ ਗੁਰੁਦੇਵ ਜੀ! ਮੈਨੂੰ ਆਪ ਜੀ ਨੇ ਸਤਿ ਦੇ ਮਾਰਗ ਤੇ ਪਾਇਆ ਹੈ, ਮੈਂ ਸਦਾ ਇਸ ਮਾਰਗ ਤੇ ਚਲਦਾ ਰਵਾਂਗਾ।" ਇਸ ਦੇ ਨਾਲ ਹੀ ਭਾਈ ਭਗੀਰਥ ਨੇ ਨਾਨਕ ਦੇਵ ਜੀ ਨੂੰ ਗੁਰੂ ਜੀ ਸੰਬੋਧਨ ਕਰਣਾ ਸ਼ੁਰੂ ਕਰ ਦਿੱਤਾ। ਸਾਰੀ ਸੰਗਤ ਨਾਨਕ ਦੇਵ ਜੀ ਨੂੰ ਉਸ ਦਿਨ ਤੋਂ ਗੁਰੂ ਜੀ ਕਹਿਣ ਲੱਗੀ।




ਨੋਟ:- ਸ੍ਰੀ ਗੁਰੂ ਅਰਜਨ ਦੇਵ ਜੀ, ਆਪਣੇ ਸਪੁੱਤਰ ਹਰਿਗੋਬਿੰਦ ਸਾਹਿਬ ਜੀ ਦੀ ਬਾਰਾਤ ਲੈ ਕੇ ਜਾਂਦੇ ਸਮੇਂ ਰਾਤ ਨੂੰ ਸੁਲਤਾਨਪੁਰ ਵਿਖੇ ਇਸ ਧਰਮਸਾਲਾ ਵਿੱਚ ਠਹਿਰੇ ਸਨ। ਅਗਲੀ ਸਵੇਰ ਨੂੰ ਹਰਿਗੋਬਿੰਦ ਸਾਹਿਬ ਜੀ ਦੀ ਸਿਹਰਾ ਬੰਦੀ ਦੀਆਂ ਰਸਮਾਂ ਇਥੇ ਹੀ ਸੰਪੂਰਨ ਕੀਤੀਆਂ। ਇਸ ਕਰਕੇ ਇਸ ਅਸਥਾਨ ਦਾ ਨਾਮ ਸਿਹਰਾ ਸਾਹਿਬ ਪੈ ਗਿਆ।

## ਮਨਸੁੱਖ ਲਾਹੌਰਰੀਆ

ਇਕ ਦਿਨ ਭਾਈ ਮਰਦਾਨਾ ਜੀ ਗੁਰੂ ਜੀ ਦੇ ਸਨਮੁਖ ਹਾਜ਼ਿਰ ਹੋਏ ਅਤੇ ਨਿਮਰਤਾ ਸਹਿਤ ਬੇਨਤੀ ਕਰਣ ਲੱਗੇ, "ਮੇਰੀ ਬੇਟੀ ਦਾ ਵਿਆਹ ਹੈ, ਪਰ ਮੇਰੇ ਕੋਲ ਪੁਤਰੀ ਨੂੰ ਵਿਦਾਅ ਕਰਣ ਲਈ ਲੋੜੀਂਦੀ ਰਸਦ (ਸਾਮਾਨ) ਨਹੀਂ ਹੈ। ਗੁਰੂ ਜੀ ਨੇ ਉਸ ਨੂੰ ਮੋਦੀ ਖਾਨੇ ਵਿੱਚੋਂ ਅਲੂਫੇ ਵਾਲੀ ਰਸਦ ਦੇ ਦਿੱਤੀ ਪਰ ਕੁਝ ਹੋਰ ਵਸਤਾਂ ਜੋ ਕਿ ਲੜਕੀ ਦੇ ਦਾਜ ਲਈ ਲੋੜੀਦੀਆਂ ਸਨ, ਉਨ੍ਹਾਂ ਵਾਸਤੇ ਗੁਰੂਜੀ ਨੇ ਉਸ ਦੇ ਨਾਲ ਭਾਈ ਭਗੀਰਥ ਨੂੰ ਲਾਹੌਰ ਭੇਜ ਦਿੱਤਾ।

ਉਹ ਦੋਨੋਂ ਲਾਹੌਰ ਦੇ ਇਕ ਵੱਡੇ ਵਪਾਰੀ, **'ਮਨਸੁੱਖ'** ਦੇ ਕੋਲ ਜਾ ਪਹੁੰਚੇ। ਉਸ ਪਾਸੋਂ ਜਰੂਰਤ ਅਨੁਸਾਰ ਕਪੜੇ, ਗਹਿਣੇ ਆਦਿ ਖਰੀਦ ਲਏ। ਰਾਤ ਪੈ ਜਾਣ ਕਾਰਣ ਉਥੇ ਹੀ ਮਨਸੁੱਖ ਦੇ ਪਾਸ ਠਹਿਰ ਗਏ। ਸੰਧਿਆ ਵੇਲੇ ਭਾਈ ਭਗੀਰਥ ਜੀ ਨੇ ਅਲਾਹੀ ਬਾਣੀ ਗਾ ਕੇ ਅਰਾਧਨਾ ਕੀਤੀ। ਬਾਣੀ ਸੁਣ ਕੇ ਮਨਸੁੱਖ ਬਹੁਤ ਪ੍ਰਭਾਵਤ ਹੋਇਆ। ਉਹ ਭਾਈ ਭਗੀਰਥ ਜੀ ਤੋਂ ਪੁਛਣ ਲੱਗਾ ਕਿ ਆਪ ਨੇ ਜੋ ਬਾਣੀ ਗਾਈ ਹੈ ਉਹ ਕਿਸ ਮਹਾਂ ਪੁਰਖ ਦੀ ਬਾਣੀ ਹੈ? ਭਾਈ ਭਗੀਰਥ ਜੀ ਨੇ ਦਸਿਆ ਕਿ ਇਹ ਮੇਰੇ-ਗੁਰੂ ਜੀ ਦੀ ਉਚਾਰਨ ਕੀਤੀ ਅਲਾਹੀ ਬਾਣੀ ਹੈ, ਜੋ ਕਿ ਸੁਲਤਾਨਪੁਰ ਲੋਧੀ ਵਿੱਚ **'ਮੋਦੀ'** ਦੀ ਨੌਕਰੀ ਕਰਦੇ ਹਨ। ਉਨ੍ਹਾਂ ਨੇ ਹੀ ਇਸ ਦੀ ਕੰਨਿਆ ਦੇ ਵਿਆਹ ਲਈ ਦਾਜ ਦੀ ਸਾਮਗ੍ਰੀ ਖਰੀਦਣ ਲਈ ਭੇਜਿਆ ਹੈ।

ਭਾਈ ਮਨਸੁੱਖ ਨੇ ਅਪਣੇ ਹਿਰਦੇ ਵਿੱਚ ਵੱਸੀ ਸ਼ੰਕਾ ਦਸਦਿਆਂ ਹੋਇਆਂ ਕਿਹਾ, "ਮੇਰੇ ਅਨੁਭਵ ਤਾਂ ਬਹੁਤ ਕੌੜੇ ਹਨ। ਕਿਉਂਕਿ ਮੈਂ ਅੱਜ ਤੱਕ ਜਿਤਨੇ ਵੀ ਮਨੁੱਖ ਧਰਮ-ਕਰਮ ਕਰਨ ਵਾਲੇ ਵੇਖੇ ਹਨ। ਉਨ੍ਹਾਂ ਵਿਚੋਂ ਕੋਈ ਵੀ ਅਪਣੀ ਰੋਜੀ-ਰੋਟੀ ਆਪ ਨਹੀਂ ਕਮਾਉਂਦਾ ਵੇਖਿਆ। ਬਲਕਿ ਉਹ ਕਰਮਕਾਂਡੀ ਜ਼ਿਆਦਾ ਅਤੇ ਧਰਮੀ ਘੱਟ ਹੁੰਦੇ ਹਨ।"

ਤਦ ਭਾਈ ਭਗੀਰਥ ਜੀ ਨੇ ਕਿਹਾ, **"ਪਰਤੱਖ ਨੂੰ ਪਰਮਾਣ ਦੀ ਲੋੜ ਨਹੀਂ ਹੁੰਦੀ।** ਤੁਸੀਂ ਆਪ ਉਨ੍ਹਾਂ ਦੇ ਦਰਸ਼ਨ ਕਰਕੇ ਵੇਖੋ।" ਭਾਈ ਮਨਸੁੱਖ ਜੀ ਗੁਰੂਦੇਵ ਦੇ ਦਰਸ਼ਨਾਂ ਲਈ ਉਨ੍ਹਾਂ ਦੇ ਨਾਲ ਸੁਲਤਾਨਪੁਰ ਵੱਲ ਚੱਲ ਪਏ। ਰਸਤੇ ਵਿੱਚ ਮਨਸੁੱਖ ਦੇ ਮਨ ਵਿੱਚ ਕਲਪਨਾ ਹੋਈ, "ਮੈਂ ਲਾਹੌਰ ਤੋਂ ਨਾਨਕ ਜੀ ਦੇ ਦਰਸ਼ਨਾਂ ਨੂੰ ਚੱਲਿਆ ਹਾਂ। ਜੇਕਰ ਗੁਰੂ ਜੀ ਅੰਤਰਜਾਮੀ ਹਨ ਤਾਂ ਮੈਨੂੰ ਮੇਰਾ ਨਾਂ ਲੈ ਕੇ ਬੁਲਾਉਣ, ਤਾਂ ਹੀ ਮੈਂ ਉਨ੍ਹਾਂ ਨੂੰ ਅਪਣਾ ਗੁਰੂ ਮਨਾਂਗਾ।"

ਉਹ ਸਾਰੇ ਸੁਲਤਾਨਪੁਰ ਲੋਧੀ ਪਹੁੰਚੇ, ਸਤਿਸੰਗ ਦੀ ਸਮਾਪਤੀ ਉਪ੍ਰੰਤ ਗੁਰੂ ਜੀ ਨੇ ਕਿਹਾ, "ਆਓ ਭਾਈ ਮਨਸੁੱਖ ਜੀ, ਕਦੇ ਮਨ ਦਾ ਸੁੱਖ ਵੀ ਮਾਣਿਆ ਹਈ ਕਿ ਕੇਵਲ ਨਾਮ ਦਾ ਹੀ ਮਨਸੁੱਖ ਹੈਂ।" ਇਹ ਸੁਣ ਕੇ ਭਾਈ ਮਨਸੁੱਖ ਗੁਰੂ ਜੀ ਦੇ ਚਰਣੀ ਢਹਿ ਪਿਆ। ਗੁਰੂ ਜੀ ਨੇ ਉਸ ਨੂੰ ਹਿਰਦੇ ਨਾਲ ਲਗਾ ਕੇ ਕਿਹਾ, "ਪਰਮਾਰਥ ਦੇ ਰਾਹ ਤੇ ਚੱਲਣ ਸਮੇਂ ਮਨ ਵਿੱਚ ਸ਼ੰਕੇ ਨਹੀਂ ਰਖੀਦੇ।" ਮਨਸੁੱਖ ਦੇ ਨੇਤਰਾਂ ਚੋਂ ਪ੍ਰੇਮ ਮਈ ਜਲ ਛਲਕ ਪਿਆ।

ਕੁਝ ਦਿਨ ਅਧਿਆਤਮਿਕ ਸਿੱਖਿਆ ਪ੍ਰਾਪਤ ਕਰ ਕੇ, ਭਾਈ ਮਨਸੁੱਖ ਘਰ ਨੂੰ ਮੁੜਨ ਲਈ ਆਗਿਆ ਮੰਗਣ ਲੱਗਾ। ਤਦ ਗੁਰੂ ਜੀ ਨੇ ਉਸ ਨੂੰ ਤਿੰਨ ਸੂਤਰੀ ਸਿਧਾਂਤ ਦ੍ਰਿੜ ਕਰਵਾਇਆ–**ਕਿਰਤ ਕਰੋ ਵੰਡ ਕੇ ਛਕੋ ਅਤੇ ਨਾਮ ਜਪੋ।** ਇਹੀ ਕਰਮ, ਸਾਰੀ ਲੁਕਾਈ ਨੂੰ ਭਵਸਾਗਰ ਤੋਂ ਪਾਰ ਉਤਾਰਾ ਕਰਵਾ ਸਕਦਾ ਹੈ।

ਗੁਰੂਦੇਵ ਜੀ ਹਰ ਦਿਨ **ਸੁਲਤਾਨਪੁਰ ਲੋਧੀ** ਵਿਖੇ ਕੀਰਤਨ ਅਤੇ ਅਲਾਹੀ ਬਚਨਾਂ ਦੀ ਝੜੀ ਲਾਈ ਰਖਦੇ। ਦੂਰੋਂ ਨੇੜਿਉਂ ਆਈ ਸੰਗਤ ਦੀ ਲੰਗਰ ਆਦਿ ਦੀ ਸੇਵਾ ਆਪਣੇ ਘਰੋਂ ਹੀ ਕਰਦੇ। ਹੌਲੀ ਹੌਲੀ ਸੰਗਤ ਵਧਨ ਕਰਕੇ ਲੰਗਰ ਧਰਮਸਾਲਾ ਵਿੱਚ ਹੀ ਵਰਤਨ ਲੱਗਾ।

ਨੋਟ:– ਭਾਈ ਮਰਦਾਨਾ ਜੀ ਵਿਆਹ ਦਾ ਸਾਰਾ ਸਮਾਨ ਗੱਡੇ ਉੱਪਰ ਲੱਦ ਕੇ (ਆਪਣੇ ਪਿੰਡ) ਤਲਵੰਡੀ ਲੈ ਗਏ।

## ਸੁਲੱਖਣੀ ਜੀ

ਕਈ ਵਾਰ ਸੁਲੱਖਣੀ ਜੀ ਸੰਗਤ ਦੀ ਸੇਵਾ ਕਰਦੇ ਥੱਕ ਜਾਂਦੇ। ਉਨ੍ਹਾਂ ਨੇ ਇਕ ਦਿਨ ਆਪਣੀ ਨਣਦ ਬੇਬੇ ਨਾਨਕੀ ਜੀ ਨੂੰ ਆਪਣੀ ਵੇਦਨਾ ਕਹਿ ਸੁਣਾਈ। ਬੇਬੇ ਨਾਨਕੀ ਜੀ ਨੇ ਬੜੇ ਵਿਸਥਾਰ ਪੂਰਵਕ ਘਰ ਗ੍ਰਿਸਤੀ ਵਿੱਚ ਆਉਂਦੀਆਂ ਔਕੜਾਂ ਦੇ ਸਬੰਧ ਵਿੱਚ ਸੁਲੱਖਣੀ ਜੀ ਨੂੰ ਕੋਲ ਬਿਠਾ ਕੇ ਘਰ ਗ੍ਰਿਸਤੀ ਬਾਰੇ ਪੂਰਨ ਸ਼ਿਕਸ਼ਾ ਦਿੱਤੀ। ਨਾਲ ਦੀ ਨਾਲ ਆਪਣੇ ਵੀਰ ਗੁਰੂਦੇਵ ਜੀ ਨੂੰ ਵੀ ਸੁਲੱਖਣੀ ਜੀ ਦੀ ਵੇਦਨਾ ਕਹਿ ਸੁਣਾਈ।

ਇਸ ਤਰਾਂ ਦੋਵੇਂ ਪਤੀ ਪਤਨੀ ਘਰ ਗ੍ਰਿਸਤੀ ਵਿੱਚ ਵਧੇਰੇ ਰੁਚੀ ਵਿਖਾਉਣ ਲੱਗੇ। ਗੁਰੂ ਜੀ ਦੇ ਕੋਲ ਜੋ ਵੀ ਆਉਂਦਾ ਉਸ ਨੂੰ ਅਪਣੇ ਘਰ ਲੈ ਜਾਂਦੇ ਅਤੇ ਭੋਜਨ ਆਦਿ ਦੀ ਸੇਵਾ ਆਪ ਹੱਥੀ ਕਰਦੇ।

ਗੁਰੂ ਜੀ ਸਾਰੇ ਕਰਮਕਾਂਡਾਂ ਨੂੰ ਛੱਡ ਕੇ ਇਕ ਨਿਰਾਕਾਰ ਜੋਤਿ ਦੀ ਆਰਾਧਨਾ ਕਰਨ ਦੀ ਪ੍ਰੇਰਨਾ ਕਰਦੇ ਅਤੇ ਮੂਰਤੀ ਪੂਜਾ ਦਾ ਖੰਡਨ ਕਰਕੇ ਰੋਮ–ਰੋਮ ਵਿੱਚ ਰਮੇ ਹੋਏ ਰਾਮ ਦੀ ਉਪਾਸ਼ਨਾ ਤੇ ਬਲ ਦੇਂਦੇ।

## ਬਾਬਾ ਸ੍ਰੀ ਚੰਦ ਜੀ ਦਾ ਜਨਮ, ਸੁਲਤਾਨਪੁਰ ਲੋਧੀ (ਪੰਜਾਬ)

ਨਾਨਕ ਦੇਵ ਜੀ ਦੇ ਘਰ 8 ਸੰਤਬਰ 1494 ਈ: ਨੂੰ ਪੁੱਤਰ ਨੇ ਜਨਮ ਲਿਆ। ਤਲਵੰਡੀ ਤੋਂ ਮਾਤਾ ਪਿਤਾ ਜੀ ਨੇ ਆ ਕੇ ਉਸ ਦਾ ਨਾਮ **'ਸ੍ਰੀ ਚੰਦ'** ਰੱਖਿਆ। ਬਟਾਲਾ ਤੋਂ ਬਾਬਾ ਮੂਲਚੰਦ ਜੀ ਆਪਣੀ ਪਤਨੀ ਸਮੇਤ, ਵਿਆਂਮ ਨਾਲ ਸਬੰਧਿੱਤ ਵਸਤੂਆਂ ਵੀ ਲੈ ਕੇ ਆਏ। ਸੁਲਤਾਨਪੁਰ ਵਾਸੀ ਨਾਨਕ ਜੀ ਦੇ ਘਰ ਪੁੱਤਰ ਆਉਣ ਦੀਆਂ ਵਧਾਈਆਂ ਦੇਣ ਆਉਣ ਲਗੇ। ਦੌਲਤਖਾਂ ਲੋਧੀ ਅਤੇ ਸਾਰੇ ਦਰਬਾਰੀਆਂ ਨੇ ਵੀ ਵਧਾਈ ਦਿੱਤੀ। ਮਾਤਾ ਸੁਲੱਖਣੀ ਜੀ ਅਤੇ ਬੇਬੇ ਨਾਨਕੀ ਜੀ ਵਧਾਈ ਦੇਣ ਵਾਲਿਆਂ ਨੂੰ ਖੁਸ਼ੀ ਖੁਸ਼ੀ ਲੱਡੂ ਵੰਡਦੇ ਨਾ ਥੱਕਦੇ।



ਬਾਲਕ ਸ੍ਰੀ ਚੰਦ, ਮਾਤਾ ਸੁਲੱਖਣੀ ਜੀ ਦੀ ਗੋਦ ਵਿੱਚ

## ਮੋਦੀ ਖਾਨੇ ਦੀ ਦੂਜੀ ਪੜਤਾਲ

ਸਮਾਂ ਬੀਤਿਆ, ਕੁਝ ਈਰਖਾਲੂ ਲੋਕ ਨਵਾਬ ਦੋਲਤ ਖਾਂ ਨੂੰ ਫਿਰ ਉਕਸਾਉਣ ਲਗੇ ਕਿ ਮੋਦੀ, ਬਹੁਤ ਅਨਾਜ ਮੁਫਤ ਵਿੱਚ ਵੰਡ ਰਿਹਾ ਹੈ। ਇਸ ਲਈ ਮੋਦੀਖਾਨੇ ਦੀ ਇਕ ਵਾਰ ਫਿਰ ਪੜਤਾਲ ਕਰਾਓ।

ਦੂਜੀ ਵਾਰ **'ਪੜਤਾਲ ਕਰਨ ਉਪ੍ਰੰਤ ਨਾਨਕ ਜੀ ਦੇ ਪੱਖ ਵਿੱਚ 321 ਰੁਪੈ ਸਰਕਾਰੀ ਖਜ਼ਾਨੇ ਵਿੱਚ ਵੱਧ ਨਿਕਲੇ।'**

## ਪ੍ਰਭੂ ਦੀ ਵਿਆਖਿਆ

ਗੁਰੂ ਜੀ ਸਤਿਸੰਗ ਵਿੱਚ ਜਗਿਆਸੂਆਂ ਦੇ ਮਨ ਦੇ ਸ਼ੰਕੇ ਨਿਵਾਰਣ ਕਰਦੇ ਹੋਏ ਦਸਦੇ ਰਹਿੰਦੇ ਕਿ ਪ੍ਰਭੂ ਕਿਸੇ ਖਾਸ ਭੇਸ ਜਾਂ ਪੋਸ਼ਾਕ ਦੇ ਆਡੰਬਰ ਨਾਲ ਖੁਸ਼ ਨਹੀਂ ਹੁੰਦਾ। ਉਹ ਤਾਂ ਹਿਰਦੇ ਦੀ ਸੱਚੀ ਬੋਲੀ ਹੀ ਜਾਣਦਾ ਹੈ, ਉਹ ਜੰਗਲਾਂ, ਪਹਾੜਾਂ ਜਾਂ ਗੁਫਾਵਾਂ ਵਿੱਚ ਨਹੀਂ ਰਹਿੰਦਾ, ਸਗੋਂ ਓਹ ਤਾਂ ਘਟ-ਘਟ ਵਿੱਚ ਨਿਵਾਸ ਕਰਦਾ ਹੈ। ਪ੍ਰਾਣੀ ਨੇ ਤਾਂ ਉਸ ਦੇ ਅਨੁਭਵੀ ਦਰਸ਼ਨਾਂ ਲਈ ਆਪਣੇ ਮਨ ਦੀ ਮੈਲ ਰੂਪੀ ਕੰਧ ਹੀ ਢਾਹੁਣੀ ਹੁੰਦੀ ਹੈ। ਇਸ ਸਬੰਧੀ ਗੁਰੂ ਜੀ ਅਲਾਹੀ ਸ਼ਬਦ ਉਚਾਰਨ ਕਰਦੇ ਰਹਿੰਦੇ।

ਗੁਰੂ ਜੀ ਆਲਾਹੀ ਫੁਰਮਾਣ ਦੁਆਰਾ ਗੁਰਮੁੱਖ ਦੀ ਪ੍ਰੀਭਾਸ਼ਾ ਦੱਸ ਰਹੇ ਹਨ।

"ਗੁਰਮੁਖਿ ਸਾਚੇ ਕਾ ਭਉ ਪਾਵੈ ॥ ਗੁਰਮੁਖਿ ਬਾਣੀ ਅਘੜੁ ਘੜਾਵੈ॥
ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥ ਗੁਰਮੁਖਿ ਪਵਿਤ੍ਰੁ ਪਰਮਪਦੁ ਪਾਵੈ ॥
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਨਾਨਕ ਗੁਰਮੁਖਿ ਸਾਚਿ ਸਮਾਵੈ ॥੨੭॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ – ੯੪੧)

**ਬਾਬਾ ਲੱਖਮੀ ਦਾਸ ਜੀ ਦਾ ਜਨਮ**, ਸੁਲਤਾਨਪੁਰ ਲੋਧੀ

ਗੁਰੂ ਨਾਨਕ ਦੇਵ ਜੀ ਦੇ ਗ੍ਰਹਿ ਵਿਖੇ ਫਰਵਰੀ 1497 ਈ:, ਲੱਖਮੀ ਦਾਸ ਦਾ ਜਨਮ ਹੋਇਆ। ਤਲਵੰਡੀ ਤੋਂ ਨਾਨਕ ਜੀ ਦੇ ਮਾਤਾ ਪਿਤਾ ਜੀ ਨੇ ਆ ਕੇ ਆਪਣੇ ਦੂਜੇ ਪੋਤੇ ਦਾ ਨਾਮ ਲੱਖਮੀ ਦਾਸ ਰੱਖਿਆ। ਬਟਾਲਾ ਤੋਂ ਮੂਲਚੰਦ ਜੀ ਪਰਿਵਾਰ ਸਮੇਤ ਲੋੜੀਂ ਦੀਆਂ ਵਸਤੂਆਂ ਲੈ ਕੇ ਆਇਆ। ਸੁਲਤਾਨਪੁਰ ਵਾਸਿਆਂ, ਸੰਗੀਸਾਥਿਆਂ, ਨਵਾਬ ਅਤੇ ਉਸ ਦੇ ਸਾਰੇ ਕਰਮਚਾਰਿਆਂ ਨੇ ਵਧਾਈਆਂ ਦਿੱਤੀਆਂ। ਪਰਿਵਾਰ ਵਲੋਂ ਖੁਸ਼ੀਆਂ ਮਨਾਉਂਦਿਆਂ ਸਭਨਾਂ ਨੂੰ ਮਿਠਾਇਆਂ ਵੰਡੀਆਂ ਗਇਆਂ।


ਬਾਲਕ ਸ੍ਰੀ ਲੱਖਮੀਦਾਸ, ਮਾਤਾ ਸੁਲੱਖਣੀ ਜੀ ਦੀ ਗੋਦ ਵਿੱਚ

## ਪ੍ਰਚਾਰ ਫੇਰੀਆਂ ਲਈ ਤਿਆਰੀ

ਹੁਣ ਗੁਰੂ ਜੀ ਨੇ ਆਪੇ ਹੀ ਦੌਲਤ ਖਾਂ ਨੂੰ ਕਿਹਾ ਕਿ ਮੋਦੀਖਾਨੇ ਦੀ ਜਾਂਚ ਕਰਵਾ ਲਵੋ। ਉਹ ਜਾਣਦੇ ਸਨ ਕਿ ਜੇਕਰ ਮੈਂ ਬਿਨਾਂ ਜਾਂਚ ਦੇ ਮੋਦੀ ਦੀ ਨੌਕਰੀ ਛੱਡੀ ਤਾਂ ਲੋਕ ਨਿੰਦਾ ਹੋਵੇਗੀ। ਈਰਖਾਲੂ ਲੋਕ ਕਹਿਣਗੇ ਕਿ ਕਿਸੇ ਵੱਡੇ ਘਪਲੇ ਦੇ ਕਾਰਣ ਮੋਦੀ ਨੇ ਨੌਕਰੀ ਛੱਡ ਕੇ ਸਨਿਆਸ ਲੈ ਲਿਆ ਹੈ।

'ਨਵਾਬ ਨੇ ਜਾਂਚ ਕਰਵਾਈ ਤਾਂ 760 ਰੁਪਏ ਨਾਨਕ ਜੀ ਦੇ ਹੱਕ ਵਿੱਚ ਨਿਕਲੇ।'


ਉਸੇ ਸਮੇਂ ਉਨ੍ਹਾਂ ਨੇ ਨਵਾਬ ਅਗੇ ਆਪਣੀ ਅਰਜੀ ਪੇਸ਼ ਕੀਤੀ ਕਿ ਉਹ ਮੋਦੀ ਦੀ ਨੌਕਰੀ ਛੱਡ ਰਹੇ ਹਨ।

ਨਵਾਬ ਨੇ ਪੁੱਛਿਆ ਹੁਣ ਕੀ ਕਰੋਗੇ ਤਾਂ ਗੁਰੂ ਜੀ ਨੇ ਕਿਹਾ, "ਮੈਂ ਉਸ ਪ੍ਰਭੂ ਦਾ ਸੰਦੇਸ਼ ਪੂਰੇ ਜਗਤ ਵਿੱਚ ਦੇਣ ਜਾਣਾ ਹੈ। ਇਸ ਲਈ ਹੁਣ ਮੈਂ ਉਸ ਪ੍ਰਭੂ ਦੀ ਹੀ ਚਾਕਰੀ ਕਰਾਂਗਾ, ਮਨੁੱਖ ਦੀ ਨਹੀਂ।

## ਇਕਾਂਤਵਾਸ ਹੋਣਾ

ਅਗਲੀ ਪ੍ਰਭਾਤ ਨੂੰ ਜਦੋਂ ਨਾਨਕ ਜੀ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਗਏ ਤਾਂ ਹਰ ਰੋਜ਼ ਦੀ ਤਰਾਂ ਨਦੀ ਵਿੱਚ ਟੁੱਭੀ-ਲਗਾਈ ਪਰ ਵਾਪਸ ਨਾ ਆਏ। ਸੇਵਕਾਂ ਨੇ ਬਹੁਤ ਲੰਬੇ ਸਮੇਂ ਤੱਕ ਉਡੀਕਿਆ ਪਰ ਗੁਰੂ ਜੀ ਵਾਪਸ ਨਾ ਪਰਤੇ।

ਇਹ ਖ਼ਬਰ ਜਦੋਂ ਨਵਾਬ ਨੂੰ ਮਿਲੀ ਤਾਂ ਉਸ ਨੇ ਗੋਤਾਖੋਰ ਮੰਗਵਾ ਕੇ ਜਾਲ ਵੀ ਪਵਾਏ ਪਰ ਨਾਨਕ ਜੀ ਦਾ ਕਿਤੇ ਕੋਈ ਥਹੁ ਪਤਾ ਨਾ ਲੱਗਾ। ਅਖੀਰ ਸਭ ਲੋਕ ਥੱਕ ਹਾਰ ਕੇ ਵਾਪਸ ਘਰੀਂ ਮੁੜ ਆਏ। ਦੂਜਾ ਦਿਨ ਵੀ ਬੀਤ ਗਿਆ ਪਰ ਨਾਨਕ ਜੀ ਦਾ ਕੋਈ ਪਤਾ ਨਾ ਲੱਗਾ।



ਗੁਰੂ ਜੀ ਦੇ ਅਲੋਪ ਹੋਣ ਮਗਰੋਂ ਬੇਈਂ ਨਦੀ ਵਿਚੋਂ ਲਭਣ ਲਈ ਚੁਭੀਆਂ ਲਾਉਂਦੇ ਗੋਤਾਖੋਰ (ਸੁਲਤਾਨਪੁਰ ਲੋਧੀ)

**ਤੀਜੇ ਦਿਨ ਅਚਾਨਕ ਨਾਨਕ ਜੀ,**

**'ਨਾ ਹਮ ਹਿੰਦੂ ਨ ਮੁਸਲਮਾਨ'** ਦਾ ਅਲਾਪ ਕਰਦੇ ਹੋਏ ਸਥਾਨਕ ਸ਼ਮਸ਼ਾਨ ਘਾਟ (ਮੜੀਆਂ) ਵਾਲੇ ਵੀਰਾਨ ਥਾਂ ਤੇ ਆਪੇ ਹੀ ਪ੍ਰਗਟ ਹੋ ਗਏ ਜਿਥੇ ਹੁਣ ਗੁਰਦੁਆਰਾ **'ਸੰਤਘਾਟ'** ਸੁਸ਼ੋਭਤ ਹੈ। ਸਾਰੀ ਸੰਗਤ ਗੁਰੂਦੇਵ ਦੇ ਦਰਸ਼ਨਾਂ ਨੂੰ ਉਥੇ ਪਹੁੰਚ ਗਈ। ਗੁਰੂ ਜੀ ਨੇ ਅਲਾਹੀ ਪ੍ਰਵਚਨਾਂ ਰਾਹੀਂ ਸਭਨਾਂ ਨੂੰ ਅਲਾਹੀ ਸੰਦੇਸ਼ ਅਤੇ ਉਪਦੇਸ਼ ਦੇ ਕੇ ਨਿਵਾਜਿਆ।



ਗੁਰਦੁਆਰਾ ਸੰਤਘਾਟ, ਸੁਲਤਾਨਪੁਰ ਲੋਧੀ (ਪੰਜਾਬ)

## ਨਵਾਬ ਦੌਲਤ ਖਾਂ

ਨਵਾਬ ਦੌਲਤ ਖਾਂ ਨੇ ਨਾਨਕ ਜੀ ਨੂੰ ਸੱਦ ਭੇਜਿਆ। ਨਾਨਕ ਜੀ ਨੇ ਜਾਣ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ, "ਮੈਂ ਹੁਣ ਨਵਾਬ ਦੇ ਹੁਕਮ ਦੀ ਬੰਧਸ਼ ਵਿੱਚ ਨਹੀਂ ਹਾਂ। ਗੁਰੂ ਜੀ ਦੀ ਰਮਜ਼ ਨੂੰ ਜਾਣਦਿਆਂ ਨਵਾਬ ਦੌਲਤ ਖਾਂ ਨੇ ਨਾਨਕ ਜੀ ਦੇ ਕੋਲ ਨਿਮਰਤਾ ਪੂਰਵਕ ਬੇਨਤੀ ਕਰ ਭੇਜੀ ਕਿ ਖੁਦਾਇ ਦੇ ਵਾਸਤੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਜੀ।

ਨਿਮਰਤਾ ਭਰਪੂਰ ਤੇ ਖੁਦਾਇ ਦਾ ਵਾਸਤਾ ਪਾਉਣ ਤੇ ਨਾਨਕ ਜੀ ਉਸੇ ਵੇਲੇ ਨਵਾਬ ਕੋਲ ਆ ਪਹੁੰਚੇ। ਨਵਾਬ ਨੇ ਆਪ ਅੱਗੇ ਹੋ ਕੇ ਨਾਨਕ ਜੀ ਨਾਲ ਦਸਤ-ਪੰਜਾ ਲਿਆ (ਹੱਥ ਮਿਲਾਇਆ)।

ਇਹ ਵੇਖ ਕੇ ਉਥੇ ਬੈਠੇ ਕਾਜ਼ੀ ਅਤੇ ਦੂਜੇ ਅਧਿਕਾਰੀਆਂ ਨੇ ਨਵਾਬ ਨੂੰ ਉਕਸਾਇਆ ਅਤੇ ਕਿਹਾ, **"ਨਾਨਕ ਕਹਿ ਰਿਹਾ ਹੈ 'ਨਾ ਹਮ ਹਿੰਦੂ ਨ ਮੁਸਲਮਾਨ।"** **(ਭਾਵ ਸਮੁਚੀ ਮਾਨਵ ਜਾਤਿ ਇੱਕੋ ਕਰਤੇ ਦੀ ਸੰਤਾਨ ਹੈ)**

ਇਹ ਸੁਣ ਕੇ ਨਵਾਬ ਨੇ ਨਾਨਕ ਜੀ ਤੇ ਸੁਆਲ ਕੀਤਾ ਕਿ ਜੇਕਰ ਆਪ ਜੀ ਦੀ ਨਜ਼ਰ ਵਿੱਚ ਹਿੰਦੂ-ਮੁਸਲਮਾਨ ਵਿੱਚ ਕੋਈ ਭੇਦ-ਭਾਵ ਨਹੀਂ ਹੈ, ਤੁਮ ਕੌਣ ਹੋ? ਤਾਂ ਨਾਨਕ ਜੀ ਨੇ ਕਿਹਾ,-**"ਮੈਂ ਤਾਂ ਉਸ ਪ੍ਰਭੂ ਦਾ ਦਾਸ ਹਾਂ।"**

ਉਸ ਵੇਲੇ ਕਾਜ਼ੀ ਕਹਿਣ ਲੱਗਾ ਕਿ ਠੀਕ ਹੈ ਤਾਂ ਤੂੰ ਸਾਡੇ ਨਾਲ ਚੱਲ ਕੇ ਮਸਜਿਦ ਵਿੱਚ ਨਮਾਜ਼ ਅਦਾ ਕਰ, ਹੁਣ ਜੁਮੇ ਦੀ ਪੇਸ਼ੀ ਦੀ ਨਮਾਜ ਦਾ ਸਮਾਂ ਹੋ ਰਿਹਾ ਹੈ। ਨਾਨਕ ਜੀ ਉਨ੍ਹਾਂ ਨਾਲ ਮਸਜਿਦ ਵਿੱਚ ਨਮਾਜ਼ ਗੁਜਾਰਨ ਲਈ ਚੱਲ ਪਏ।

## ਅਖੌਤੀ ਨਮਾਜ਼ ਨਾ ਪੜ੍ਹਨਾ

ਜਦੋਂ ਸਭ ਲੋਕ ਨਮਾਜ਼ ਅਦਾ ਕਰ ਰਹੇ ਸਨ ਤਾਂ ਗੁਰਦੇਵ ਜੀ ਅਡੋਲ ਖਲੋਤੇ ਰਹੇ। ਨਮਾਜ਼ ਖ਼ਤਮ ਹੋਈ ਤਾਂ ਨਵਾਬ ਨੇ ਨਾਨਕ ਜੀ ਤੋਂ ਪੁਛਿਆ। **"ਮੋਦੀ ਜੀ, ਤੁੱਮ ਤੋ ਕਹਿਤੇ ਥੇ ਮੈਂ ਨਮਾਜ਼ ਪੜੂੰਗਾ ਪਰ ਤੁਮ ਤੋ ਖੜੇ ਰਹੇ ਹੋ। ਨਮਾਜ਼ ਕਿਉਂ ਨਹੀਂ ਗੁਜਾਰੀ?"**

ਨਾਨਕ ਜੀ ਨੇ ਕਿਹਾ, **"ਮੈਂ ਕਿਸ ਕੇ ਸਾਥ ਨਮਾਜ਼ ਪੜ੍ਹਤਾ?"** ਨਵਾਬ ਨੇ ਕਿਹਾ, "ਮੇਰੇ ਸਾਥ ਪੜ੍ਹਤੇ, ਮੈਂ ਜੋ ਨਮਾਜ਼ ਪੜ੍ਹ ਰਹਾ ਥਾ।" ਨਾਨਕ ਜੀ ਨੇ ਕਿਹਾ, "ਨਹੀਂ, ਬਿਲਕੁਲ ਨਹੀਂ, ਆਪ ਦਾ ਮਨ ਨਮਾਜ਼ ਵਿੱਚ ਹੈ ਹੀ ਨਹੀਂ ਸੀ! ਤੁਹਾਡਾ ਮਨ ਤਾਂ ਦੂਰ ਕਾਬਲ ਦੇਸ਼ ਵਿੱਚ ਚੰਗੀ ਨਸਲ ਦੇ ਘੋੜੇ ਖਰੀਦ ਰਿਹਾ ਸੀ। ਸਿਰਫ ਤੁਸਾਂ ਦਾ ਸ਼ਰੀਰ ਹੀ ਇਥੇ ਨਮਾਜ਼ ਪੜਨ ਦਾ ਢੋਂਗ ਕਰ ਰਿਹਾ ਸੀ।" ਇਹ ਸਚਾਈ ਸੁਣ ਕੇ ਨਵਾਬ ਸ਼ਾਂਤ ਹੋ ਗਿਆ।

ਕਾਜ਼ੀ ਕਹਿਣ ਲੱਗਾ, "ਨਾਨਕ, ਤੂੰ ਮੇਰੇ ਨਾਲ ਨਮਾਜ਼ ਪੜ ਲੈਣੀ ਸੀ।" ਨਾਨਕ ਦੇਵ ਜੀ ਨੇ ਆਖਿਆ, "ਕਾਜ਼ੀ ਸਾਹਿਬ, ਤੁਸਾਂ ਦਾ ਧਿਆਨ ਵੀ ਨਮਾਜ਼ ਵਿੱਚ ਨਹੀਂ ਸੀ। ਆਪ ਵਿਚਾਰ ਰਹੇ ਸੀ ਕਿ ਘਰ ਵਿੱਚ ਘੋੜੀ ਦਾ ਨਵਾਂ-ਜੰਮਿਆਂ ਬੱਚਾ ਵਿਹੜੇ ਵਿੱਚ ਲੱਗੀ ਖੂਹੀ ਵਿੱਚ ਨਾ ਡਿਗ ਪਵੇ।"

ਇਹ ਸਚਾਈ ਸੁਣ ਕੇ ਕਾਜ਼ੀ ਇਸ ਕੌੜੇ ਸੱਚ ਨੂੰ ਛੁਪਾਉਣ ਲਈ ਆਨਾ ਕਾਨੀ ਕਰਨ ਲੱਗਾ ਪਰ ਨਵਾਬ ਨੇ ਉਸ ਨੂੰ ਕਿਹਾ, "ਹੁਣ ਰਹਿਣ ਵੀ ਦੇਹ, ਜੋ ਆਦਮੀ ਮੇਰੇ ਦਿੱਲ ਦੀ ਗੱਲ ਬੁੱਝ ਸਕਦਾ ਹੈ, ਕੀ ਉਹ ਤੇਰੇ ਦਿੱਲ ਦੀ ਨਹੀਂ ਬੁੱਝ ਸਕਦਾ।" ਤਾਂ ਮੌਲਵੀ ਵੀ ਮੂੰਹ ਛੁਪਾਉਂਣ ਲੱਗਾ।

ਮੌਲਵੀ ਨੇ ਨਾਨਕ ਦੇਵ ਜੀ ਦੇ ਚਰਨ ਛੂਹੇ ਅਤੇ ਭੁੱਲ ਬਖਸ਼ਾਈ । ਨਵਾਬ ਨੇ ਨਾਨਕ ਜੀ ਨੂੰ ਫਿਰ ਤੋਂ ਮੋਦੀਖਾਨੇ ਦਾ ਕਾਰਜ ਸੰਭਾਲਨ ਲਈ ਕਿਹਾ ਪਰ ਨਾਨਕ ਜੀ ਨੇ ਦੋ ਟੁੱਕ ਉੱਤਰ ਦੇ ਕੇ ਸਾਫ ਇੰਨਕਾਰ ਕਰ ਦਿੱਤਾ।

ਆਪਣਾ ਮਨੋਰਥ ਸਪਸ਼ਟ ਕਰਦਿਆਂ ਇਹ ਅਲਾਹੀ ਬਾਣੀ ਕਹਿ ਸੁਣਾਈ।

"ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥

ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹਿ ਕਪੜਾ ਪਾਇਆ ॥

ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥

ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ॥੨੭॥" ਸੁਧੁ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੧੫੦)

**ਨੋਟ:- ਨਵਾਬ ਨੇ ਗੁਰੂਦੇਵ ਜੀ ਨੂੰ ਅਪਣੇ ਬਣਦੇ ਰੁਪੇ ਲੈਣ ਲਈ ਆਖਿਆਂ ਤਾਂ ਉਨ੍ਹਾਂ ਨੇ ਕਿਹਾ "ਉਹ ਰੁਪੈਆਂ ਨੂੰ ਜਰੂਰਤਮੰਦਾਂ ਵਿਚ ਵੰਡ ਦਿਓ।"**



ਗੁਰਦਆਰਾ ਅੰਤਰਯਾਮਤਾ ਸਾਹਿਬ ਜੀ, ਸੁਲਤਾਨਪੁਰ ਲੋਧੀ (ਪੰਜਾਬ)

ਉਹ ਸ਼ਾਹੀ ਮਸਜਿਦ ਵਾਲੀ ਥਾਂ ਜਿਥੇ ਨਵਾਬ ਦੌਲਤ ਖਾਂ ਨੂੰ ਗੁਰੂ ਜੀ ਨੇ ਸੋਝੀ ਬਖਸ਼ੀ

## ਬਾਬਾ ਮੂਲਚੰਦ ਜੀ

ਜਿਉਂ ਹੀ ਗੁਰੂ ਜੀ ਦੇ ਸਸੁਰ ਬਾਬਾ ਮੂਲ ਚੰਦ ਜੀ ਨੂੰ ਪਤਾ ਲੱਗਾ ਕਿ ਨਾਨਕ ਜੀ ਆਪਣੇ ਮਿਸ਼ਨ ਦੇ ਪ੍ਰਚਾਰ ਹਿਤ ਲੰਮੀ ਫੇਰੀ ਤੇ ਜਾ ਰਹਿ ਹਨ। ਤਾਂ ਉਹ ਨਾਨਕ ਦੇਵ ਜੀ ਨੂੰ ਸਮਝਾਉਣ ਲਈ ਆਪਣੇ ਨਾਲ ਆਪਣੇ ਗੁਰੂ, **'ਸ਼ਾਮੇ ਪੰਡਿਤ'** ਨੂੰ ਲੈ ਕੇ ਸੁਲਤਾਨਪੁਰ ਲੋਧੀ ਆ ਪਹੁੰਚੇ।

ਦੋਹਾਂ ਨੇ ਨਾਨਕ ਜੀ ਨੂੰ ਸਮਝਾਉਣ ਦੀ ਪੂਰੀ ਵਾਹ ਲਾਈ। ਨਾਲ ਇਹ ਵੀ ਕਿਹਾ, ਕਿ ਤੂੰ ਪਰਿਵਾਰ ਤਾਂ ਵਧਾ ਲਿਆ ਹੈ ਪਰ ਫ਼ਰਜ਼ ਨੂੰ ਨਿਭਾਉਂਣ ਤੋਂ ਭੱਜ ਰਿਹਾ ਹੈਂ। ਇਸ ਦੇ ਉਤਰ ਵਿੱਚ ਨਾਨਕ ਜੀ ਕਹਿਣ ਲੱਗੇ, ਮੈਂ ਗ੍ਰਿਸਤ ਤਿਆਗ ਨਹੀਂ ਰਿਹਾ ਮੈਂ ਤਾਂ ਉਸ ਪ੍ਰਭੂ ਦਾ ਸੰਦੇਸ਼ ਦੇਣ ਅਤੇ ਦੀਨ-ਦੁਖੀਆਂ ਦਾ ਦਰਦ ਵੰਡਾਉਣ ਜਾ ਰਿਹਾ ਹਾਂ।"

ਬਾਬਾ ਮੂਲਚੰਦ ਜੀ ਨੇ ਕਿਹਾ, ਉਹ ਤਾਂ ਠੀਕ ਹੈ ਪਰ ਤੇਰੇ ਇਸ ਪਰਿਵਾਰ ਦੇ ਜੀਵਨ ਨਿਰਭਾਅ ਦੇ ਲਈ ਤੂੰ ਕੀ ਸਾਧਨ ਜੁਟਾਏ ਹਨ? ਤਾਂ ਨਾਨਕ ਜੀ ਨੇ ਗੰਭੀਰਤਾ ਨਾਲ ਉਤਰ ਦਿੱਤਾ। ਘਰ ਵਿੱਚ ਇਨ੍ਹਾਂ ਦੇ ਲਈ ਸਾਰੇ ਸਾਧਨ ਉਪਲਭਦ ਹਨ।

ਪੰਡਿਤ ਸ਼ਾਮੇ ਨੇ ਕਿਹਾ, "ਆਪ ਕਬੀਲਦਾਰੀ ਕਰਦਿਆਂ ਰਾਮ ਰਾਮ ਜਪ ਕੇ ਆਪਣਾ ਸਾਧੂ ਪੁਣੇ ਵਾਲਾ ਝੱਸ ਨਾਲ-ਨਾਲ ਪੂਰਾ ਕਰਦੇ ਰਹਿਣਾ। ਤਾਂ ਗੁਰੂ ਜੀ ਨੇ ਇਹ ਅਲਾਹੀ ਫੁਰਮਾਣ ਸੁਣਾ ਦਿੱਤਾ :-

"ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥ ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥੧॥
ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ ॥ ਕਿਨ ਬਿਧਿ ਪਾਵਉ ਪ੍ਰਾਨਪਤੀ॥੧॥" ਰਹਾਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ - ੧੧੭੧)

ਪੰਡਿਤ ਇਹ ਸੁਣ ਕੇ ਆਪਣੇ ਰਾਹ ਪਿਆ। ਪ੍ਰੰਤੂ ਬਾਬਾ ਮੂਲਚੰਦ ਜੀ ਕਹਿਣ ਲੱਗੇ, "ਨਾਨਕ ਤੂੰ ਦੀਵਾਨਾ ਹੋ ਗਿਆ ਹੈਂ? ਸਿਆਣਪ ਨੂੰ ਹੱਥ ਮਾਰ। ਸੁਝਵਾਨ ਬਣੋ।" ਤਾਂ ਨਾਨਕ ਜੀ ਨੇ ਇਹ ਅਲਾਹੀ ਸ਼ਬਦ ਕਹਿ ਸੁਣਾਇਆ:-

"ਮਿਲਿ ਮਾਤ ਪਿਤਾ ਪਿੰਡੁ ਕਮਾਇਆ ॥ ਤਿਨਿ ਕਰਤੈ ਲੇਖੁ ਲਿਖਾਇਆ ॥
ਲਿਖੁ ਦਾਤਿ ਜੋਤਿ ਵਡਿਆਈ ॥ ਮਿਲਿ ਮਾਇਆ ਸੁਰਤਿ ਗਵਾਈ ॥੧॥
ਮੂਰਖ ਮਨ ਕਾਹੇ ਕਰਸਹਿ ਮਾਣਾ ॥ ਉਠਿ ਚਲਣਾ ਖਸਮੈ ਭਾਣਾ ॥੧॥ ਰਹਾਉ ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ - ੯੮੯)

ਬਾਬਾ ਮੂਲਚੰਦ ਜੀ ਨਾਨਕ ਜੀ ਦੀ ਮਨਸ਼ਾ ਨੂੰ ਭਲੀ ਭਾਂਤ ਸਮਝ ਗਏ। ਇਸ ਲਈ ਉਨ੍ਹਾਂ ਨੇ ਨਾਨਕ ਜੀ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਉਨ੍ਹਾਂ ਦੀ ਧਰਮ ਪਤਨੀ (ਆਪਣੀ ਪੁੱਤਰੀ) ਨੂੰ ਉਨ੍ਹਾਂ ਦੇ ਦੋਵਾਂ ਪੁਤਰਾਂ ਸਮੇਤ ਉਨ੍ਹਾਂ ਦੇ ਪ੍ਰਚਾਰ ਫੇਰੀ ਤੋਂ ਵਾਪਸ ਆਉਣ ਤੱਕ, ਹਰ ਤਰਾਂ ਨਾਲ ਉਨ੍ਹਾਂ ਦੀ ਸਾਂਭ ਸੰਭਾਲ ਕਰਨਗੇ।

ਇਸ ਤਰਾਂ ਨਾਨਕ ਜੀ ਆਪਣਾ ਪਰਵਾਰ ਬਾਬਾ ਮੂਲਚੰਦ ਜੀ ਨੂੰ ਸੌਂਪ ਕੇ ਸੁਰਖਰੂ ਹੋ ਗਏ ਅਤੇ ਆਪਣੇ ਮਿੱਤਰ ਭਾਈ ਮਰਦਾਨਾ ਜੀ ਨੂੰ ਨਾਲ ਲੈ ਕੇ ਪਹਿਲੀ ਪ੍ਰਚਾਰ ਫੇਰੀ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ।

ਬਾਬਾ ਮੂਲ ਚੰਦ ਜੀ ਨੇ ਨਵਾਬ ਦੌਲਤ ਖਾਂ ਨੂੰ ਕਿਹਾ ਕਿ ਨਾਨਕ ਜੀ ਦੇ ਹਿੱਸੇ ਦੇ ਰੁਪਏ ਉਨ੍ਹਾਂ ਦੇ ਪਰਿਵਾਰ ਨੂੰ ਦੇ ਦਿਓ। ਉਨ੍ਹਾਂ ਕਿਹਾ ਕਿ ਮੈਨੂੰ ਤਾਂ ਮੋਦੀ ਜੀ ਨੇ ਕਿਹਾ ਹੈ ਕਿ ਉਹ ਰੁਪਏ ਫ਼ਕੀਰਾਂ ਨੂੰ ਵੰਡ ਦਿੱਤੇ ਜਾਣ।

ਫਿਰ ਵੀ ਬਾਬਾ ਮੂਲਚੰਦ ਜੀ ਦੀ ਗੱਲ ਨੂੰ ਧਿਆਨ ਵਿੱਚ ਰਖਦਿਆਂ ਨਵਾਬ ਨੇ ਉਨ੍ਹਾਂ ਵਿੱਚੋਂ ਅੱਧੇ ਫ਼ਕੀਰਾਂ ਨੂੰ ਅਤੇ ਅੱਧੇ ਨਾਨਕ ਜੀ ਦੇ ਪਰਿਵਾਰ ਨੂੰ ਭਿਜਵਾ ਦਿੱਤੇ।



ਗੁਰਦੁਆਰਾ ਸ੍ਰੀ ਬੇਰ ਸਾਹਿਬ ਜੀ, ਸੁਲਤਾਨਪੁਰ ਲੋਧੀ (ਪੰਜਾਬ)

**Note:** "ਗੁਰਦੁਆਰਾ ਸ੍ਰੀ ਬੇਰ ਸਾਹਬ" ਵਾਲੇ ਅਸਥਾਨ ਦੇ ਹੇਠਾਂ ਭੋਰਾ ਸਾਹਿਬ ਵਾਲੀ ਥਾਂ ਤੇ ਇਸ ਬੇਰੀ ਦੇ ਰੁੱਖ ਹੇਠ ਗੁਰੂ ਜੀ ਨੇ ਸੁਲਤਾਨਪੁਰ ਰਹਿੰਦਿਆਂ 7/8 ਸਾਲ ਨਿਰੰਤਰ ਸਿਮਰਨ ਕੀਤਾ।



ਗੁਰਦੁਆਰਾ ਸ੍ਰੀ ਬੇਰ ਸਾਹਿਬ ਜੀ ਦੇ ਹੇਠ ਉਹ ਅਸਥਾਨ ਜਿਥੇ ਗੁਰੂ ਦੇਵ ਜੀ ਬੇਰੀ ਦੇ ਰੁੱਖ ਹੇਠਾਂ
ਬੇਈਂ ਵਿੱਚ ਇਸ਼ਨਾਨ ਕਰਨ ਉਪ੍ਰੰਤ ਬੈਠ ਕੇ ਅੰਤਰ ਧਿਆਨ ਹੋਇਆ ਕਰਦੇ ਸਨ। (ਸੁਲਤਾਨਪੁਰ ਲੋਧੀ)